**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ (ਮੁਹਾਲੀ)**

# ਸ਼ੁੱਧੀ ਪੱਤਰ

**(ਜਨਤਕ ਸੂਚਨਾ ਮਿਤੀ 08.09.2021 ਸਬੰਧੀ)**

ਜਨਤਕ ਸੂਚਨਾ ਮਿਤੀ 08.09.2021 ਰਾਹੀਂ **ਇਸ਼ਤਿਹਾਰ ਨੰ. 09 ਆਫ 2021** ਵਿੱਚ ਉਦਯੋਗ ਅਤੇ ਕਮਰਸ ਵਿਭਾਗ, ਪੰਜਾਬ ਵਿੱਚ ਉਚ ਉਦਯੋਗਿਕ ਉਨਤੀ ਅਫਸਰ ਦੀਆਂ 56 ਅਸਾਮੀਆਂ, ਬਲਾਕ ਪੱਧਰ ਪ੍ਰਸਾਰ ਅਫਸਰ ਦੀਆਂ 61 ਅਸਾਮੀਆਂ ਅਤੇ ਦਫਤਰ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ, ਪਟਿਆਲਾ ਵਿੱਚ ਆਬਕਾਰੀ ਤੇ ਕਰ ਨਿਰੀਖਕ ਦੀਆਂ 51 ਅਸਾਮੀਆਂ ਅਤੇ **ਇਸ਼ਤਿਹਾਰ ਨੰ. 12 ਆਫ 2021** ਰਾਹੀਂ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿੱਚ ਜੂਨੀਅਰ ਡਰਾਫਟਸਮੈਨ (ਸਿਵਲ - 585, ਮਕੈਨੀਕਲ - 13 ਅਤੇ ਆਰਕੀਟੈਕਚਰਲ - 61) ਦੀਆਂ ਕੁੱਲ 659 ਅਸਾਮੀਆਂ ਲਈ ਲਿਖਤੀ ਪ੍ਰੀਖਿਆ ਮਿਤੀ 03.10.2021 (ਦਿਨ ਐਤਵਾਰ) ਨੂੰ ਅਯੋਜਿਤ ਕਰਨ ਸਬੰਧੀ ਸੂਚਿਤ ਕੀਤਾ ਗਿਆ ਸੀ। ਪ੍ਰੰਤੂ ਪ੍ਰਬੰਧਕੀ ਕਾਰਨਾਂ ਕਰਕੇ **ਹੁਣ ਕੇਵਲ ਇਸ਼ਤਿਹਾਰ ਨੰ. 12 ਆਫ 2021** ਰਾਹੀਂ ਜੂਨੀਅਰ ਡਰਾਫਟਸਮੈਨ (ਸਿਵਲ, ਮਕੈਨੀਕਲ ਅਤੇ ਆਰਕੀਟੈਕਚਰਲ) ਦੀਆਂ ਅਸਾਮੀਆਂ ਲਈ ਲਿਖਤੀ ਪ੍ਰੀਖਿਆ **ਮਿਤੀ 04.10.2021 (ਦਿਨ ਸੋਮਵਾਰ)** ਨੂੰ ਆਯੋਜਿਤ ਕੀਤੀ ਜਾਵੇਗੀ।

2. **ਇਸ਼ਤਿਹਾਰ ਨੰ. 09 ਆਫ 2021** ਦੀਆਂ ਉਦਯੋਗ ਅਤੇ ਕਮਰਸ ਵਿਭਾਗ, ਪੰਜਾਬ ਵਿੱਚ ਉਚ ਉਦਯੋਗਿਕ ਉਨਤੀ ਅਫਸਰ ਦੀਆਂ 56 ਅਸਾਮੀਆਂ, ਬਲਾਕ ਪੱਧਰ ਪ੍ਰਸਾਰ ਅਫਸਰ ਦੀਆਂ 61 ਅਸਾਮੀਆਂ ਅਤੇ ਦਫਤਰ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ, ਪਟਿਆਲਾ ਵਿੱਚ ਆਬਕਾਰੀ ਤੇ ਕਰ ਨਿਰੀਖਕ ਦੀਆਂ 51 ਅਸਾਮੀਆਂ ਲਈ ਲਿਖਤੀ ਪ੍ਰੀਖਿਆ ਤੈਅ **ਮਿਤੀ 03.10.2021 (ਦਿਨ ਐਤਵਾਰ)** ਨੂੰ ਹੀ ਅਯੋਜਿਤ ਕੀਤੀ ਜਾਵੇਗੀ।

3. ਲਿਖਤੀ ਪ੍ਰੀਖਿਆ ਦੇ ਪ੍ਰੀਖਿਆ ਕੇਂਦਰ, ਐਡਮਿਟ ਕਾਰਡ ਅਤੇ ਪ੍ਰੀਖਿਆ ਸਬੰਧੀ ਹੋਰ ਹਦਾਇਤਾਂ / ਜਾਣਕਾਰੀ ਬਾਅਦ ਵਿੱਚ ਕੇਵਲ ਬੋਰਡ ਦੀ ਵੈਬਸਾਈਟ **https://sssb.punjab.gov.in** ਤੇ ਹੀ ਉਪਲਬਧ ਕਰਵਾਈ ਜਾਵੇਗੀ। ਇਸ ਲਈ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਬੋਰਡ ਦੀ ਵੈਬਸਾਈਟ ਨੂੰ ਸਮੇਂ-ਸਮੇਂ ਤੇ ਚੈਕ ਕਰਦੇ ਰਹਿਣ।

**ਸਹੀ/-**

ਸਕੱਤਰ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ

ਮਿਤੀ : 17.09.2021

ਸਥਾਨ : ਐਸ.ਏ.ਐਸ. ਨਗਰ